# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 15-01-2025**

- ਪ੍ਰਧਾਨ ਮੰਤਰੀ ਨਰੇਂਦਰ  ਮੋਦੀ ਨੇ ਕਿਹਾ ਏ ਕਿ ਭਾਰਤ ਵਿਸਤਾਰ-ਵਾਦ ਦੀ ਭਾਵਨਾ ਨਾਲ ਨਹੀਂ ਸਗੋਂ ਵਿਕਾਸ ਦੀ ਭਾਵਨਾ ਨਾਲ ਕੰਮ ਕਰਦਾ ਏ- ਉਨ੍ਹਾਂ ਨੇ ਜਲ ਸੈਨਾ ਦੇ ਪਹਿਲੀ ਕਤਾਰ ਦੇ ਤਿੰਨ ਨਵੇਂ ਜੰਗੀ ਬੇੜੇ ਰਾਸ਼ਟਰ ਨੂੰ ਸਮਰਪਿਤ ਕੀਤੇ।
- 77ਵੇਂ ਸੈਨਾ ਦਿਵਸ ਦੇ ਮੌਕੇ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸੰਕਟ ਅਤੇ ਆਫ਼ਤਾਂ ਦੌਰਾਨ, ਭਾਰਤੀ ਸੈਨਾ ਦੇ ਮਾਨਵਤਾਵਾਦੀ ਕਾਰਜਾਂ ਦੀ ਸ਼ਲਾਘਾ ਕੀਤੀ।
- ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਵਲੋਂ SHE COHORT 3.0 ਨਾਮਕ ਮਹਿਲਾ ਉੱਦਮਸ਼ੀਲਤਾ ਸੰਬੰਧੀ ਪ੍ਰੋਗਰਾਮ ਦੀ ਮੋਹਾਲੀ ਵਿਚ ਕੀਤੀ ਗਈ ਸ਼ੁਰੂਆਤ ।

- ਸ਼੍ਰੀ ਮੁਕਤਸਰ ਸਾਹਿਬ ਵਿਚ, 40 ਮੁਕਤਿਆਂ ਦੀ ਯਾਦ ਨੂੰ ਸਮਰਪਿਤ, ਸ਼ਹੀਦੀ ਜੋੜ ਮੇਲੇ ਦੌਰਾਨ ਅੱਜ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।
- ਪੰਜਾਬ ਵਿਚ ਅੱਜ ਦੋ ਵੱਖ ਵੱਖ ਥਾਂਵਾਂ 'ਤੇ, ਸਰਹੱਦੀ ਸੁਰੱਖਿਆ ਬਲ ਅਤੇ ਪੰਜਾਬ ਪੁਲਿਸ ਨੇ ਇਕ ਤਸਕਰ ਸਮੇਤ 13 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਜ਼ਬਤ ਕੀਤੀ ।

---------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਭਾਰਤ ਵਿਸਤਾਰ-ਵਾਦ ਦੀ ਭਾਵਨਾ ਨਾਲ ਨਹੀਂ ਸਗੋਂ ਵਿਕਾਸ ਦੀ ਭਾਵਨਾ ਨਾਲ ਕੰਮ ਕਰਦਾ ਏ । ਉਨ੍ਹਾਂ ਕਿਹਾ ਕਿ ਭਾਰਤ ਨੇ ਹਮੇਸ਼ਾ ਖੁੱਲ੍ਹੇ, ਸੁਰੱਖਿਅਤ, ਸਮਾਵੇਸ਼ੀ ਅਤੇ ਖੁਸ਼ਹਾਲ ਹਿੰਦ -ਪ੍ਰਸ਼ਾਂਤ ਖੇਤਰ ਦਾ ਸਮਰਥਨ ਕੀਤਾ ਏ । ਪ੍ਰਧਾਨ ਮੰਤਰੀ ਮੋਦੀ ਨੇ ਅੱਜ ਮੁੰਬਈ ਦੇ ਨੇਵਲ ਡਾਕਯਾਰਡ ਵਿਖੇ, ਸਮੁੰਦਰੀ ਫੌਜ ਦੇ ਮੋਹਰੀ ਜੰਗੀ ਜਹਾਜ਼ਾਂ INS ਸੂਰਤ, INS ਨੀਲਗਿਰੀ ਅਤੇ ਪਨਡੁੱਬੀ INS ਵਾਘਸ਼ੀਰ ਨੂੰ, ਸਮੁੰਦਰੀ ਫੌਜ ਵਿਚ ਸ਼ਾਮਿਲ ਕੀਤਾ ਏ।

**BYTE:**

ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਭਾਰਤ ਦੀ ਸਮੁੰਦਰੀ ਵਿਰਾਸਤ, ਜਲ ਸੈਨਾ ਦੇ ਸ਼ਾਨਦਾਰ ਇਤਿਹਾਸ ਅਤੇ ਆਤਮ-ਨਿਰਭਰ ਭਾਰਤ ਮੁਹਿੰਮ ਲਈ ਇੱਕ ਵੱਡਾ ਦਿਨ ਏ । ਉਨ੍ਹਾਂ ਕਿਹਾ ਕਿ ਇਹ ਮਾਣ ਵਾਲੀ ਗੱਲ ਏ ਕਿ ਤਿੰਨੇਂ ਪ੍ਰਮੁੱਖ ਜੰਗੀ ਬੇੜੇ, ਭਾਰਤ ਵਿੱਚ ਬਣੇ ਨੇ । ਸ਼੍ਰੀ ਮੋਦੀ ਨੇ ਸਾਰੇ ਹਿੱਸੇਦਾਰਾਂ ਨੂੰ ਵਧਾਈ ਦਿੱਤੀ। ਸ਼੍ਰੀ ਮੋਦੀ ਨੇ ਕਿਹਾ ਕਿ ਭਾਰਤ, ਹਿੰਦ ਮਹਾਸਾਗਰ ਖੇਤਰ ਵਿੱਚ, ਸਬਤੋਂ ਪਹਿਲਾ ਕਾਰਵਾਈ ਕਰਨ ਵਾਲੇ ਦੇਸ਼ ਵਜੋਂ ਉਭਰਿਆ ਏ । ਇਸ ਨਾਲ ਭਾਰਤ, ਭਾਰਤੀ ਜਲ ਸੈਨਾ ਅਤੇ ਤੱਟ ਰੱਖਿਅਕਾਂ ਵਿੱਚ ਆਲਮੀ ਭਰੋਸਾ ਵਧਿਆ ਏ । ਪ੍ਰਧਾਨ ਮੰਤਰੀ ਨੇ 'ਮੇਕ ਇਨ ਇੰਡੀਆ' ਮੁਹਿੰਮ ਨੂੰ ਅੱਗੇ ਵਧਾਉਣ ਲਈ, ਹਥਿਆਰਬੰਦ ਬਲਾਂ ਨੂੰ ਵਧਾਈ ਦਿੱਤੀ । ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਇਹ ਸਾਲ, ਰੱਖਿਆ ਖੇਤਰ ਲਈ 'ਸੁਧਾਰਾਂ ਦਾ ਸਾਲ' ਏ ਅਤੇ ਰੱਖਿਆ ਖੇਤਰ ਇਸ ਸਾਲ ਦੇ ਅਖੀਰ ਤੱਕ ਕਈ ਸੁਧਾਰ ਲਾਗੂ ਕਰੇਗਾ।

---------------------------------------------------------

ਅੱਜ 77ਵਾਂ ਸੈਨਾ ਦਿਵਸ , ਦੇਸ਼ ਭਰ ਵਿਚ ,ਮਾਣ ਅਤੇ ਉਤਸ਼ਾਹ ਨਾਲ

ਮਨਾਇਆ ਜਾ ਰਿਹਾ ਏ। ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ , ਗ੍ਰਿਹ ਮੰਤਰੀ ਅਮਿਤ ਸ਼ਾਹ ਅਤੇ ਚੀਫ਼ ਆਫ਼ ਡਿਫੈਂਸ ਸਟਾਫ ਅਨਿਲ ਚੌਹਾਨਨੇ, ਇਸ ਮੌਕੇ ਸੈਨਾ ਦਿਵਸ 'ਤੇ ਫੌਜੀ ਜਵਾਨਾਂ ਅਤੇ ਸਾਬਕਾ ਸੈਨਿਕਾਂ ਨੂੰ ਵਧਾਈ ਦਿੱਤੀ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਆਪਣੇ ਸੰਦੇਸ਼ ਵਿੱਚ ਰਾਸ਼ਟਰੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ, ਸੈਨਾ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਸੈਨਿਕ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਸ਼ਾਂਤੀਪੂਰਨ ਮਾਹੌਲ ਸਿਰਜਣ ਵਿੱਚ ਯੋਗਦਾਨ ਪਾਉਂਦੇ ਨੇ। ਰਾਸ਼ਟਰਪਤੀ ਨੇ ਫੌਜ ਦੇ ਸਾਹਸ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਸ ਨੇ, ਦੇਸ਼ ਦੀ ਰੱਖਿਆ ਵਿੱਚ ਲਗਾਤਾਰ ਅਸਾਧਾਰਨ ਸਾਹਸ ਦਾ ਪ੍ਰਦਰਸ਼ਨ ਕੀਤਾ ਏ। ਪ੍ਰਧਾਨ ਮੰਤਰੀ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਸਰਕਾਰ, ਵੱਖ-ਵੱਖ ਸੁਧਾਰਾਂ ਅਤੇ ਆਧੁਨਿਕੀਕਰਨ 'ਤੇ ਧਿਆਨ ਦੇ ਰਹੀ ਏ ਅਤੇ ਹਥਿਆਰਬੰਦ ਬਲਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਵਚਨਬੱਧ ਏ। ਆਪਣੇ ਸੰਦੇਸ਼ ਵਿੱਚ ਜਨਰਲ ਚੌਹਾਨ ਨੇ ਕਿਹਾ ਕਿ ਇਹ ਦਿਨ, ਭਾਰਤੀ ਫੌਜ ਦੇ ਅਟੁੱਟ ਸਮਰਪਣ ਅਤੇ ਸਾਹਸ ਦਾ ਪ੍ਰਤੀਕ

ਏ। 77ਵਾਂ ਸੈਨਾ ਦਿਵਸ ਜਲੰਧਰ ਬਠਿੰਡਾ ਅਤੇ ਚੰਡੀਮੰਦਰ  ਵਿਚ ਵੀ ਮਨਾਇਆ ਗਿਆ।

---------------------------------------------------

ਸਰਕਾਰ ਨੇ ਕੇਂਦਰੀ ਉਦਯੋਗਿਕ ਸੁਰੱਖਿਆ ਬਲ-CISF ਦੀਆਂ, ਦੋ ਨਵੀਆਂ ਰਿਜ਼ਰਵ ਬਟਾਲੀਅਨਾਂ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ ਏ। ਇਸ ਨਾਲ ਬਟਾਲੀਅਨਾਂ ਦੀ ਕੁੱਲ ਗਿਣਤੀ 13 ਤੋਂ ਵਧ ਕੇ 15 ਹੋ ਜਾਵੇਗੀ। ਗ੍ਰਿਹ ਮੰਤਰਾਲੇ ਨੇ ਕਿਹਾ ਏ  ਕਿ ਨਵੀਂ ਬਟਾਲੀਅਨ, ਵਿੱਚ ਵੱਖ-ਵੱਖ ਰੈਂਕਾਂ ਦੇ ਲਗਭਗ, ਇੱਕ ਹਜ਼ਾਰ 25 ਸੁਰੱਖਿਆ ਕਰਮਚਾਰੀ ਸ਼ਾਮਲ ਹੋਣਗੇ ਅਤੇ ਇਸ ਦੀ ਅਗਵਾਈ ਇੱਕ ਸੀਨੀਅਰ ਕਮਾਂਡੈਂਟ ਪੱਧਰ ਦਾ ਅਧਿਕਾਰੀ ਕਰੇਗਾ।

---------------------------------------------------

ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਦੀ ਸਲਾਹਕਾਰ ਡਾ. ਅਨੀਤਾ ਅਗਰਵਾਲ ਨੇ ਅੱਜ ਮੋਹਾਲੀ ਸਥਿਤ ਨੈਸ਼ਨਲ ਐਗਰੀਫ਼ੂਡ ਬਾਇਓ ਮੈਨੁਫ਼ੈਕਚਰਿੰਗ ਇੰਸਟੀਚੀਊਟ (NABI) ਵਿਖ਼ੇ 'ਸ਼ੀ ਕੋਹੋਰਟ' 3.0 ਨਾਮਕ ਮਹਿਲਾ ਉੱਦਮਸ਼ੀਲਤਾ ਸੰਬੰਧੀ ਪ੍ਰੋਗਰਾਮ ਦੀ

ਸ਼ੁਰੂਆਤ ਕੀਤੀ । ਡਾ. ਅਨੀਤਾ ਅਗਰਵਾਲ ਨੇ ਕਿਹਾ ਕਿ SHE ਭਾਵ 'ਸਟਾਰਟ-ਅੱਪਸ ਹੈਂਡ-ਹੋਲਡਿੰਗ ਅਤੇ ਇੰਪਾਵਰਮੈਂਟ' ਔਰਤਾਂ ਨੂੰ ਸਟਾਰਟ-ਅੱਪਸ ਲਈ, ਆਪਣੀ ਪ੍ਰਤਿਭਾ ਅਤੇ ਵਿਚਾਰ ਦਿਖਾਉਣ ਅਤੇ ਇੱਕ ਉੱਦਮੀ ਬਣਨ ਲਈ ਪਲੇਟਫਾਰਮ ਪ੍ਰਦਾਨ ਕਰਦੀ ਹੈ। ਇਸ ਨਾਲ ਗਰੀਬ, ਹਾਸ਼ੀਏ 'ਤੇ ਪਈਆਂ ਔਰਤਾਂ ਵਿਗਿਆਨ ਅਤੇ ਤਕਨਾਲੋਜੀ ਦੀ ਵਰਤੋਂ ਨਾਲ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਨਾ ਸਿਰਫ਼ ਸਵੈ-ਨਿਰਭਰ ਹੋਣਗੀਆਂ ਬਲਕਿ ਨੌਕਰੀ ਲੱਭਣ ਵਾਲਿਆਂ ਦੀ ਬਜਾਏ, ਨੌਕਰੀ ਦੇਣ ਵਾਲੀਆਂ ਬਣ ਜਾਣਗੀਆਂ, ਜੋ ਕਿ 2047 ਤੱਕ ਵਿਕਸਿਤ ਭਾਰਤ ਨੂੰ ਇੱਕ ਹਕੀਕਤ ਬਣਾਓਣ ਚ ਸਹਾਈ ਕਦਮ ਏ । ਉਨ੍ਹਾਂ ਦੱਸਿਆ ਕਿ ਮੰਤਰਾਲੇ ਵੱਲੋਂ ਵਿਦਿਆਰਥਣਾਂ ਲਈ ਪਹਿਲਾਂ ਹੀ ਵਿਗਿਆਨ ਜਯੋਤੀ ਯੋਜਨਾ ਸਮੇਤ ਹੋਰ ਵੀ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਨੇ ।

**BYTE:**

ਇਸ ਮੌਕੇ ਉਨ੍ਹਾਂ ਨਾਲ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਕੌਂਸਲ ਦੇ ਸਕੱਤਰ ਪ੍ਰਿਆਂਕ ਭਾਰਤੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ । ਜਲਧਰ ਤੋਂ ਆਈ ਇਕ ਮਹਿਲਾ ਉੱਦਮੀ ਸ਼੍ਰੀਆ ਮੈਨੀ ਨੇ ਦਸਿਆ ਕਿ

SHE ਦੇ ਦੂਜੇ ਗੇੜ ਤਹਿਤ, ਉਨ੍ਹਾਂ ਨੂੰ ਮੋਟੇ ਅਨਾਜ ਨਾਲ ਸੰਬੰਧਿਤ ਕਾਰੋਬਾਰ ਲਈ, ਇਕ ਲੱਖ ਦੀ ਮਾਲੀ ਮਦਦ ਮਿਲੀ, ਜਿਸ ਨਾਲ ਉਹ ਆਪਣੀ ਸੋਚ ਨੂੰ ਉੱਤਪਾਦ ਚ ਬਦਲ ਕੇ ਆਜੀਵਿਕਾ ਕਮਾ ਰਹੀ ਏ ਤੇ ਹੋਰਨਾਂ ਨੂੰ ਕੰਮ ਦੇ ਰਹੀ ਏ।

BYTE:RNU150125D

ਇਸ ਮੌਕੇ ਵੱਖ ਵੱਖ ਅਦਾਰਆਂ ਤੋ ਆਈਆਂ ਕੁੱਝ ਸਕੂਲੀ ਵਿਦਿਆਰਥਣਾਂ ਨੇ ਵੀ, SHE ਦੇ ਤੀਜੇ ਗੇੜ ਨੂੰ ਓਹਨਾਂ ਲਈ ਰਾਹ ਦਸੇਰਾ ਤੇ ਪੜਾਈ ਮਗਰੋ ਉੱਦਮੀ ਬਣਨ ਚ ਸਹਾਈ ਦਸਿਆ।

---------------------------------------------------------

ਸੜਕ ਹਾਦਸਿਆਂ ਵਿੱਚ ਸਿਰ ਦੀਆਂ ਸੱਟਾਂ ਨਾਲ ਹੋਣ ਵਾਲੀਆਂ ਮੌਤਾਂ ਨੂੰ ਘਟਾਉਣ ਅਤੇ ਸੜਕੀ ਸੁਰੱਖਿਆ ਨੂੰ ਮਜ਼ਬੂਤ ਕਰਨ  ਲਈ, ਪਟਿਆਲਾ ਫਾਉਂਡੇਸ਼ਨ ਨੇ, ਖੇਤਰੀ ਟਰਾਂਸਪੋਰਟ ਦਫਤਰ, ਪਟਿਆਲਾ ਦੇ ਸਹਿਯੋਗ ਨਾਲ, ਅੱਜ ਆਪਣੇ 12ਵੇਂ ਹੈਲਮੈਟ ਬੈਂਕ ਦਾ ਪਟਿਆਲਾ ਵਿਖੇ ਉਦਘਾਟਨ ਕੀਤਾ।ਇਸ ਉਪਰਾਲੇ ਰਾਹੀਂ, ਦੋਪਹੀਆ ਸਵਾਰਾਂ ਨੂੰ ਸਫ਼ਰ ਦੌਰਾਨ ਮੁਫ਼ਤ ਹੈਲਮੈਟ ਲੈਣ ਅਤੇ ਇਸਦਾ ਇਸਤੇਮਾਲ ਕਰਨ ਦੇ

ਬਾਅਦ ਵਾਪਸ ਕਰਨ ਦੀ ਸਹੂਲਤ ਦਿਤੀ ਜਾਏਗੀ। ਪਟਿਆਲਾ ਖੇਤਰੀ ਟਰਾਂਸਪੋਰਟ ਦਫਤਰ ਦੇ ਨਮਨ ਮਰਕਨ ਨੇ ਕਿਹਾ ਕੇ ਹੈਲਮੈਟ ਬੈਂਕ, ਸੜਕ ਸੁਰੱਖਿਆ ਵਰਗੇ ਮਹੱਤਵਪੂਰਣ ਮੁੱਦੇ ਨੂੰ ਹੱਲ ਕਰਨ ਲਈ, ਇਕ ਸ਼ਾਨਦਾਰ ਕਮਿਊਨਿਟੀ ਅਧਾਰਤ ਵਸੀਲਾ ਏ।

---------------------------------------------------------------

ਇਹ ਪਹਿਲ, ਇਸ ਗੱਲ ਨੂੰ ਯਕੀਨੀ ਬਣਾਏਗੀ ਕੇ, ਜਿਨ੍ਹਾਂ ਕੋਲ ਹੈਲਮੈਟ ਨਹੀਂ ਏ ਜਾਂ ਫਿਰ ਜੋ ਲੋਕ ਕਿਸੇ ਕਾਰਨਾਂ ਕਰਕੇ ਇਸਨੂੰ ਖਰੀਦ ਨਹੀਂ ਸਕਦੇ, ਉਹ ਵੀ ਸੁਰੱਖਿਅਤ ਡ੍ਰਾਈਵਿੰਗ ਕਰ ਸਕਣ। Nagar Kirtan ਸ੍ਰੀ ਮੁਕਤਸਰ ਸਾਹਿਬ ਵਿਚ ਦਸ਼ਮ ਗੁਰੂ ਗੋਬਿੰਦ ਸਿੰਘ ਜੀ ਦੇ 40 ਮੁਕਤਿਆਂ ਦੀ ਯਾਦ ਵਿੱਚ, ਸ਼ਹੀਦੀ ਜੋੜ ਮੇਲੇ ਦੌਰਾਨ ਅੱਜ ਪੰਜ ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ । ਵੱਖ-ਵੱਖ ਰਸਤਿਆਂ ਤੋਂ ਹੁੰਦਾ ਹੋਇਆ ਇਹ ਨਗਰ ਕੀਰਤਨ ਦੁਪਹਿਰ ਕਰੀਬ 12 ਵਜੇ ਗੁਰਦੁਆਰਾ ਟਿੱਬੀ ਸਾਹਿਬ ਪਹੁੰਚਿਆ। ਵੱਡੀ ਗਿਣਤੀ ਵਿਚ ਸੰਗਤਾਂ ਨੇ ਨਤਮਸਤਕ ਹੋਕੇ ਗੁਰੂ ਘਰ ਦਾ ਅਸ਼ੀਰਵਾਦ ਲਿਆ।

ਨਗਰ ਕੀਰਤਨ ਵਿੱਚ ਨਿਹੰਗ ਸਿੰਘਾਂ ਵੱਲੋਂ ਗੱਤਕੇ ਦੇ ਕਰਤਬ ਦਿਖਾਏ ਗਏ ।

--------------------------------------------------

ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਕਲਰਚਰ ਤੇ ਹੈਰੀਟੇਜ ਸੁਸਾਇਟੀ ਵਲੋਂ ਮਾਘੀ ਮੇਲੇ ਮੌਕੇ, ਨਾਟਕ "ਮੈਂ ਤੇਰਾ ਬੰਦਾ " ਕਰਵਾਇਆ ਗਿਆ । ਇਸ ਮੌਕੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਚਰਨ ਛੋਹ ਪ੍ਰਾਪਤ ਧਰਤੀ ਤੇ 40 ਮੁਕਤਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਬੰਦਾ ਸਿੰਘ ਬਹਾਦਰ ਦੇ ਜੀਵਨ ਦੇ ਆਧਾਰ ਤੇ ਪੇਸ਼ ਕੀਤਾ ਗਿਆ ਨਾਟਕ ਸਾਡੇ ਮਾਣਮੱਤੇ ਇਤਿਹਾਸ ਨੂੰ ਦਰਸਾਉਂਦਾ ਏ ਜੋ ਆਉਣ ਵਾਲੀਆਂ ਪੀੜੀਆਂ ਲਈ ਪ੍ਰੇਰਣਾ ਸਰੋਤ ਏ । ਇਸ ਮੌਕੇ ਵੱਖ-ਵੱਖ ਖੇਤਰਾਂ ਵਿੱਚ ਸਮਾਜ ਭਲਾਈ ਦੇ ਕੰਮ ਕਰਨ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਦੇ ਆਹੁਦੇਦਾਰਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

--------------------------------------------------

ਪੰਜਾਬ ਵਿਚ ਅੱਜ ਦੋ ਵੱਖ ਵੱਖ ਥਾਂਵਾਂ 'ਤੇ, ਸਰਹੱਦੀ ਸੁਰੱਖਿਆ ਬਲ

ਅਤੇ ਪੰਜਾਬ ਪੁਲਿਸ ਵਲੋਂ 13 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਜਬਤ ਕੀਤੀ ਗਈ ਅਤੇ ਇਕ ਤਸਕਰ ਵੀ ਗਿਰਫ਼ਤਾਰ ਕੀਤਾ ਗਿਆ । ਸਰਹੱਦੀ ਸੁਰੱਖਿਆ ਬਲ ਨੇ, ਅੰਮ੍ਰਿਤਸਰ ਦੇ ਪਿੰਡ ਬਲਹਾਰ-ਵਾਲ ਵਿਚ ਅੱਜ ਸਵੇਰ ਡਰੋਨ ਰਾਹੀਂ ਸੁਟਿਆ ਗਿਆ ਹੈਰੋਇਨ ਦਾ ਇਕ ਵੱਡਾ ਪੈਕੇਟ ਬਰਾਮਦ ਕੀਤਾ , ਜਿਸ ਵਿਚੋਂ 15 ਛੋਟੇ ਪੈਕੇਟ ਹੈਰੋਇਨ ਦੇ ਨਿਕਲੇ ਜਿਨ੍ਹਾਂ ਵਿਚ ਸਾਡੇ 8 ਕਿਲੋ ਤੋਂ ਵੱਧ ਇਹ ਨਸ਼ੀਲਾ ਪਦਾਰਥ ਭਰਿਆ ਹੋਇਆ ਸੀ । ਓਧਰ ਤਰਨਤਾਰਨ ਪੁਲਿਸ ਨੇ, ਪਾਕਿਸਤਾਨ ਤੋਂ ਹਮਾਇਤ ਪ੍ਰਾਪਤ ਨਸ਼ਾ ਤਸਕਰੀ ਕਾਰਟਲ ਦਾ ਪਰਦਾਫਾਸ਼ ਕਰਦਿਆਂ, 5 ਕਿਲੋ ਹੈਰੋਇਨ ਸਮੇਤ ਗਿਰੋਹ ਦੇ ਮੁੱਖ ਸਰਗਨੇ ਨੂੰ ਗ੍ਰਿਫਤਾਰ ਕੀਤਾ। ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਰਸ਼ਪਾਲ ਸਿੰਘ ਵਜੋਂ ਹੋਈ ਏ , ਜੋ ਕਿ ਤਰਨਤਾਰਨ ਦੇ ਪਿੰਡ ਭਾਈ ਲੱਧੂ ਦਾ ਰਹਿਣ ਵਾਲਾ ਏ । ਗੌਰਵ ਯਾਦਵ ਨੇ ਕਿਹਾ ਕਿ ਇਹ ਮੁਲਜ਼ਮ ਪਾਕਿਸਤਾਨ-ਅਧਾਰਤ ਤਸਕਰਾਂ ਦੇ ਸਿੱਧੇ ਸੰਪਰਕ ਵਿੱਚ ਸੀ ਅਤੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਖੇਪ

ਪ੍ਰਾਪਤ ਕਰ ਰਿਹਾ ਸੀ। ਇਹ ਤਸਕਰ, ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਡਰੋਨ ਦੀ ਵਰਤੋਂ ਕਰ ਰਹੇ ਸਨ।

---------------------------------------------------

ਮੌਸਮ ਵਿਭਾਗ ਨੇ ਅੱਜ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਵਿੱਚ ਗਰਜ ਨਾਲ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਏ । ਚੰਡੀਗੜ੍ਹ ਸਥਿਤ ਮੌਸਮ ਵਿਭਾਗ ਦੇ ਨਿਦੇਸ਼ਕ ਸੁਰਿੰਦਰ ਪਾਲ ਨੇ ਵਧਰੇ ਜਾਣਕਾਰੀ ਦੀਦਿਆਂ ਕਿਹਾ ।

---------------------------------------------------

- ਪ੍ਰਧਾਨ ਮੰਤਰੀ ਨਰੇਂਦਰ  ਮੋਦੀ ਨੇ ਕਿਹਾ ਏ ਕਿ ਭਾਰਤ ਵਿਸਤਾਰ-ਵਾਦ ਦੀ ਭਾਵਨਾ ਨਾਲ ਨਹੀਂ ਸਗੋਂ ਵਿਕਾਸ ਦੀ ਭਾਵਨਾ ਨਾਲ ਕੰਮ ਕਰਦਾ ਏ- ਉਨ੍ਹਾਂ ਨੇ ਜਲ ਸੈਨਾ ਦੇ ਪਹਿਲੀ ਕਤਾਰ ਦੇ ਤਿੰਨ ਨਵੇਂ ਜੰਗੀ ਬੇੜੇ ਰਾਸ਼ਟਰ ਨੂੰ ਸਮਰਪਿਤ ਕੀਤੇ।
- *77*ਵੇਂ ਸੈਨਾ ਦਿਵਸ ਦੇ ਮੌਕੇ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸੰਕਟ ਅਤੇ ਆਫ਼ਤਾਂ ਦੌਰਾਨ, ਭਾਰਤੀ ਸੈਨਾ ਦੇ ਮਾਨਵਤਾਵਾਦੀ ਕਾਰਜਾਂ ਦੀ ਸ਼ਲਾਘਾ ਕੀਤੀ।

- ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਵਲੋਂ SHE COHORT 3.0 ਨਾਮਕ ਮਹਿਲਾ ਉੱਦਮਸ਼ੀਲਤਾ ਸੰਬੰਧੀ ਪ੍ਰੋਗਰਾਮ ਦੀ ਮੋਹਾਲੀ ਵਿਚ ਕੀਤੀ ਗਈ ਸ਼ੁਰੂਆਤ।
- ਸ਼੍ਰੀ ਮੁਕਤਸਰ ਸਾਹਿਬ ਵਿਚ, 40 ਮੁਕਤਿਆਂ ਦੀ ਯਾਦ ਨੂੰ ਸਮਰਪਿਤ, ਸ਼ਹੀਦੀ ਜੋੜ ਮੇਲੇ ਦੌਰਾਨ ਅੱਜ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।
- ਪੰਜਾਬ ਵਿਚ ਅੱਜ ਦੋ ਵੱਖ ਵੱਖ ਥਾਂਵਾਂ 'ਤੇ, ਸਰਹੱਦੀ ਸੁਰੱਖਿਆ ਬਲ ਅਤੇ ਪੰਜਾਬ ਪੁਲਿਸ ਨੇ ਇਕ ਤਸਕਰ ਸਮੇਤ 13 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਜ਼ਬਤ ਕੀਤੀ ।